## ਨਸਲੀ ਸਮਾਨਤਾ ਵਿੱਚ ਵਾਧਾ ਕਰਨ

## ਦੇ ਸੰਬੰਧ ਵਿੱਚ ਮੌਜੂਦਾ ਅਤੇ ਯੋਜਨਾਬੱਧ ਉਪਰਾਲੇ

## ਰੇਟਿੰਗ ਅਤੇ ਮੁੱਲਾਂਕਣ ਵਿਭਾਗ

ਰੇਟਿੰਗ ਅਤੇ ਮੁੱਲਾਂਕਣ ਵਿਭਾਗ (RVD) ਮੁੱਖ ਰੂਪ ਨਾਲ, ਦਰਾਂ ਅਤੇ ਸਰਕਾਰੀ ਕਿਰਾਇਆਂ ਦੀਆਂ ਸੰਪੱਤੀਆਂ ਦਾ ਮੁੱਲਾਂਕਣ ਕਰਨ, ਖਾਤਿਆਂ ਨੂੰ ਬਣਾਈ ਰੱਖਣ ਅਤੇ ਉਹਨਾਂ ਦੇ ਕਲੈਕਸ਼ਨ ਦੇ ਸੰਬੰਧ ਵਿੱਚ ਡਿਮਾਂਡ ਨੋਟ ਜਾਰੀ ਕਰਨ ਲਈ ਜਿੰਮੇਦਾਰ ਹੈ। ਅਸੀਂ ਸਰਕਾਰੀ ਮਹਿਕਮਿਆਂ ਅਤੇ ਵਿਭਾਗਾਂ ਨੂੰ ਸੰਪੱਤੀ ਮੁੱਲਾਂਕਣ ਦੇ ਬਾਰੇ ਸਲਾਹ ਵੀ ਮੁਹੱਈਆ ਕਰਦੇ ਹਾਂ, ਸਮੇਂ ਸਿਰ ਅਤੇ ਵਿਸ਼ਵਾਸਯੋਗ ਸੰਪੱਤੀ ਮਾਰਕਿਟ ਦੇ ਅੰਕੜਿਆਂ ਨੂੰ ਇਕੱਠਾ ਕਰਦੇ ਹਾਂ ਅਤੇ  ਮਾਲਿਕ ਅਤੇ ਕਿਰਾਏਦਾਰ ਜਿਹੇ ਮਾਮਲਿਆਂ ‘ਤੇ ਸਲਾਹ ਅਤੇ ਵਿਚੋਲਗੀਰ ਦੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ।

ਸੰਬੰਧਤ ਸੇਵਾਵਾਂ

- RVD ਦੀਆਂ ਪ੍ਰਮੁੱਖ ਜਿੰਮੇਵਾਰੀਆਂ ਇਸ ਪ੍ਰਕਾਰ ਹਨ:
  - (a) ਰੇਟਿੰਗ ਜਾਬਤੇ (Cap. 116) ਅਤੇ ਸਰਕਾਰੀ ਕਿਰਾਏ (ਮੁਲਾਂਕਣ ਅਤੇ ਸੰਗ੍ਰਹਿ) ਜਾਬਤੇ (Cap. 515) ਦੇ ਤਹਿਤ ਦਰਾਂ ਅਤ ਸਰਕਾਰ ਦੇ ਕਿਰਾਇਆਂ ਦੇ ਸੰਬੰਧ ਵਿੱਚ ਸੰਪੱਤੀਆਂ ਦਾ ਮੁੱਲਾਂਕਣ;
  - (b) ਦਰਾਂ ਅਤੇ ਸਰਕਾਰੀ ਕਿਰਾਇਆਂ ਦੀ ਅਕਾਉਂਟਿੰਗ (ਲੇਖਾ) ਅਤੇ ਬਿਲਿੰਗ;
  - (c) ਸਰਕਾਰੀ ਮਹਿਕਮਿਆਂ/ਵਿਭਾਗਾਂ ਨੂੰ ਸੰਪੱਤੀ ਮੁੱਲਾਂਕਣ ਸੇਵਾਵਾਂ ਮੁਹੱਈਆ ਕਰਨਾ;
  - (d) ਸਰਕਾਰੀ ਮਹਿਕਮਿਆਂ/ਵਿਭਾਗਾਂ, ਸਾਰਵਜਨਿਕ ਸੰਸਥਾਨਾਂ ਅਤੇ ਪ੍ਰਾਈਵੇਟ ਸੈਕਟਰ ਨੂੰ ਸੰਪੱਤੀ ਦੀ ਜਾਣਕਾਰੀ ਮੁਹੱਈਆ ਕਰਨਾ।
  - (e) ਮਕਾਨ ਮਾਲਕ ਅਤੇ ਕਿਰਾਏਦਾਰ (ਏਕੀਕਰਣ) ਦੇ ਜਾਬਤੇ (Cap.7) ਦਾ ਪ੍ਰਬੰਧਨ; ਅਤੇ
  - (f) ਰਿਹਾਇਸ਼ੀ ਸੰਪੱਤੀਆਂ ਦੇ ਸੰਬੰਧਤ ਵਿੱਚ ਮਕਾਨ ਮਾਲਕ ਅਤੇ ਕਿਰਾਏਦਾਰ ਦੇ ਮਾਮਲਿਆਂ ‘ਤੇ ਲੋਕਾਂ ਨੂੰ ਸਲਾਹ ਅਤੇ ਵਿਚੋਲਗੀਰ ਦੀਆਂ ਸੇਵਾਵਾਂ ਮੁਹੱਈਆ ਕਰਨਾ।

ਮੌਜੂਦਾ ਉਪਰਾਲੇ

- ਅਸੀਂ ਚੀਨੀ ਅਤੇ ਅੰਗਰੇਜ਼ੀ ਵਿੱਚ ਦੋ-ਭਾਸ਼ਾਈ ਸੇਵਾਵਾਂ ਪ੍ਰਦਾਨ ਕਰਦੇ ਹਾਂ। ਚੀਨੀ ਅਤੇ ਅੰਗਰੇਜ਼ੀ ਵਿੱਚ ਦੋਭਾਸ਼ੀ ਸੂਚਨਾ ਵਾਲੇ ਲੀਫਲੈਟ ਅਤੇ ਪਰਚੇ ਸਾਰਵਜਨਿਕ ਤੌਰ ‘ਤੇ ਵੰਡੇ ਜਾਣ ਲਈ ਉਪਲਬਧ ਹਨ।
- ਅਸੀਂ ਗੱਲਬਾਤ ਨੂੰ ਸਰਲ ਬਣਾਉਣ ਲਈ ਸਾਡੇ ਪੁੱਛਗਿੱਛ ਕਾਊਂਟਰ 'ਤੇ ਭਾਸ਼ਾ ਪਛਾਣ ਕਾਰਡ ਮੁਹੱਈਆ ਕਰਦੇ ਹਾਂ।
- ਅਸੀਂ ਵੱਖ-ਵੱਖ ਜਾਤੀਆਂ ਦੇ ਲੋਕਾਂ ਲਈ ਸਬ-ਡਿਵੀਜ਼ਨਡ ਯੂਨਿਟਾਂ ਦੀਆਂ ਕਿਰਾਏਦਾਰੀਆਂ ਨੂੰ ਸੰਬੰਧਤ ਨਵੇਂ ਕਾਨੂੰਨ ਨਾਲ ਸਬੰਧਿਤ ਜਾਣਕਾਰੀ ਦੇ ਲੀਫਲੈਟ ਕੁੱਲ 10 ਭਾਸ਼ਾਵਾਂ ਵਿੱਚ ਮੁਹੱਈਆ ਕਰਾਉਂਦੇ ਹਾਂ।
- ਜੇਕਰ ਜ਼ਰੂਰੀ ਹੋਵੇ ਤਾਂ, ਅਸੀਂ ਵੱਖ-ਵੱਖ ਜਾਤੀ ਦੇ ਸੇਵਾ ਉਪਭੋਗਤਾਵਾਂ ਦੇ ਲਈ ਸਾਡੇ ਦਸਤਾਵੇਜਾਂ ਦੇ ਅਨੁਵਾਦ ਦੀ ਵਿਵਸਥਾ ਕਰਾਂਗੇ।

| | |
|---|---|
| | • ਜੇਕਰ ਜ਼ਰੂਰੀ ਹੋਵੇ ਤਾਂ, ਅਸੀਂ ਵੱਖ-ਵੱਖ ਜਾਤੀ ਦੇ ਸੇਵਾ ਉਪਭੋਗਤਾਵਾਂ ਦੇ ਲਈ ਦੁਭਾਸ਼ੀਆ ਸੇਵਾਵਾਂ ਦੀ ਵਿਵਸਥਾ ਕਰਾਂਗੇ। |
| ਭਵਿੱਖ ਦੇ ਕਾਰਜ ਦਾ ਮੁੱਲਾਂਕਣ | • ਅਸੀਂ ਸੇਵਾ ਮੁਹੱਈਆ ਕਰਨ ਦੀ ਯੋਜਨਾ ਬਣਾਉਣ, ਉਸ ਦਾ ਮੁੱਲਾਂਕਣ ਕਰਨ ਅਤੇ ਸਮੀਖਿਆ ਕਰਨ ਲਈ ਨਿਯਮਿਤ ਤੌਰ 'ਤੇ ਵਿਭਿੰਨ ਜਾਤੀ ਦੇ ਸੇਵਾ ਉਪਭੋਗਤਾਵਾਂ ਦੇ ਬਾਰੇ ਡੇਟਾ ਇਕੱਤਰ ਕਰਾਂਗੇ ਤਾਂ ਜੋ ਉਹਨਾਂ ਦੀਆਂ ਜ਼ਰੂਰਤਾਂ ਨੂੰ ਸਮਝਿਆ ਜਾ ਸਕੇ। |
| ਲਿੱਤੇ ਗਏ/ਲਿੱਤੇ ਜਾਣ ਵਾਲੇ ਵਾਧੂ ਉਪਰਾਲੇ | • ਜੇਕਰ ਕੋਈ ਹੋਵੇ ਤਾਂ, ਸਾਡਾ ਫਰੰਟਲਾਈਨ ਸਟਾਫ ਪ੍ਰਬੰਧਨ ਨੂੰ ਭਾਸ਼ਾ ਸੇਵਾਵਾਂ ਦੀ ਵੰਡ ਵਿੱਚ ਸੁਧਾਰ ਕਰਨ ਲਈ ਫੀਡਬੈਕ ਪ੍ਰਦਾਨ ਕਰੇਗਾ। |

ਨਸਲੀ ਸਮਾਨਤਾ ਵਿੱਚ ਵਾਧਾ ਕਰਨ ਲਈ ਮੌਜੂਦਾ ਅਤੇ ਯੋਜਨਾਬੱਧ ਉਪਰਾਲਿਆਂ ਦੇ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਸ੍ਰੀਮਾਨ Samuel TAM [ਸਹਾਇਕ ਤਕਨੀਕੀ ਸਕੱਤਰ (2)] ਦੇ ਨਾਲ ਹੇਠਲੇ ਜ਼ਰੀਆਂ ਦੇ ਰਾਹੀਂ ਸੰਪਰਕ ਕਰੋ -

| | | |
|---|---|---|
| ਟੈਲੀਫੋਨ ਨੰ. | : | 2150 8902 |
| ਫੈਕਸ ਨੰ. | : | 2152 0138 |
| ਈਮੇਲ | : | enquiries@rvd.gov.hk |
| ਡਾਕ ਪਤਾ | : | 15/F., Cheung Sha Wan Government Offices,<br>303 Cheung Sha Wan Road,<br>Kowloon |

**ਰੇਟਿੰਗ ਅਤੇ ਮੁੱਲਾਂਕਣ ਵਿਭਾਗ**

**ਮਈ 2025**